## ਬੀ. ਸੀ. ਐੱਮ. ਸਕੂਲ ,ਬਸੰਤ ਐਵੇਨਿਊ ਦੁੱਗਰੀ

## ਕਲਾਸ – ਗਿਆਰਵੀਂ ਆਰਟਸ

## ਪੰਜਾਬੀ ਅਸਾਈਨਮੈਂਟ

1.ਤੁਹਾਡਾ ਨਾਮ ਵਰੁਣ /ਵੀਨਾ ਹੈ ਅਤੇ ਤੁਸੀਂ ਆਪਣੇ ਇਲਾਕੇ ਜਨਤਾ ਨਗਰ ਲੁਧਿਆਣਾ ਵਿਖੇ ਇੱਕ ਕੰਪਿਊਟਰ ਸੈਂਟਰ ਖੋਲ਼ਿਆ ਹੈ, ਜਿਸ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਖਬਾਰ ਵਿੱਚ ਦੇਣ ਲਈ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।

2.ਤੁਹਾਡਾ ਪਰਿਵਾਰ ਆਪਣੇ ਨਵੇਂ ਘਰ ਦੇ ਮਹੂਰਤ ਦੇ ਸੰਬੰਧ ਵਿੱਚ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕਰ ਰਿਹਾ ਹੈ ,ਜਿਸ ਸੰਬੰਧੀ ਰੱਖੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਰਿਸ਼ਤੇਦਾਰਾਂ ਅਤੇ ਸਕੇ ਸੰਬੰਧੀਆਂ ਦੇ ਲਈ ਇੱਕ ਸੱਦਾ ਪੱਤਰ ਤਿਆਰ ਕਰੋ।

3.ਖਾਦ ਪਦਾਰਥਾਂ ਵਿੱਚ ਮਿਲਾਵਟ ਦਿਨੋ ਦਿਨ ਵਧਦੀ ਜਾ ਰਹੀ ਹੈ ,ਜਿਸ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਇਸ ਮਸਲੇ ਸੰਬੰਧੀ ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਆਪਣੇ ਵਿਚਾਰ ਪ੍ਰਗਟਾਉਣ ਦੇ ਨਾਲ ਨਾਲ ਇਸਦੇ ਹੱਲ ਸਬੰਧੀ ਸੁਝਾਅ ਵੀ ਦਿਓ।

4.ਲੋਕ ਸਾਹਿਤ ਕੀ ਹੁੰਦਾ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਦੱਸੋ।

5.ਸੁਹਾਗ ਗੀਤਾਂ ਵਿੱਚ ਕਿਹੜੇ- ਕਿਹੜੇ ਵਿਸ਼ੇ ਛੋਹੇ ਗਏ ਹੁੰਦੇ ਹਨ?

6.ਸੁਹਾਗ ਅਤੇ ਘੋੜੀਆਂ ਲੋਕ ਗੀਤ ਹੁੰਦੇ ਹੋਏ ਵੀ ਇੱਕ ਦੂਜੇ ਨਾਲੋਂ ਭਿੰਨ ਕਿਵੇਂ ਹਨ ?ਉਦਾਹਰਨਾਂ ਦਿੰਦੇ ਹੋਏ ਸਪਸ਼ਟ ਕਰੋ।

7.ਆਪਣੀ ਕਿਤਾਬ ਲਾਜ਼ਮੀ ਪੰਜਾਬੀ ਵਿੱਚ ਦਰਜ ਦੰਤ- ਕਥਾ ਦੁੱਲਾ ਭੱਟੀ ਨੂੰ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-

1.ਦੁੱਲਾ ਭੱਟੀ ਦਾ ਜ਼ਿਕਰ ਕਿਸ ਤਿਉਹਾਰ ਨਾਲ ਸੰਬੰਧਿਤ ਹੈ?

2.ਦੁੱਲਾ ਭੱਟੀ ਨਾਲ ਸੰਬੰਧਿਤ ਗਾਇਆ ਜਾਂਦਾ ਗੀਤ ਲਿਖੋ ਅਤੇ ਇਹ ਵੀ ਦੱਸੋ ਕਿ ਇਸ ਗੀਤ ਦਾ ਪਿਛੋਕੜ ਕੀ ਹੈ ?

3.ਦੁੱਲਾ ਭੱਟੀ ਕਿਸ ਪਰਿਵਾਰ ਨਾਲ ਸੰਬੰਧ ਰੱਖਦਾ ਸੀ ਅਤੇ ਉਸਦੇ ਪਰਿਵਾਰ ਨਾਲ ਅਜਿਹਾ ਕੀ ਵਾਪਰਿਆ ਕਿ ਉਸਦੇ ਮਨ ਵਿੱਚ ਮੁਗਲਾਂ ਪ੍ਰਤੀ ਰੋਹ ਪੈਦਾ ਹੋ ਗਿਆ?

4.ਦੁੱਲਾ ਭੱਟੀ ਆਪਣੇ ਸਮੇਂ ਦਾ ਇੱਕ ਹਰਮਨ ਪਿਆਰਾ ਨਾਇਕ ਸੀ।ਉਸ ਦੇ ਹਰਮਨ ਪਿਆਰੇ ਹੋਣ ਦੇ ਕੀ ਕਾਰਨ ਸਨ, ਵਿਸਥਾਰ ਨਾਲ ਦੱਸੋ।

8.ਸਰੀਰ ਦੇ ਅੰਗਾਂ / ਵੱਖ -ਵੱਖ ਰੰਗਾਂ ਨਾਲ ਸੰਬੰਧਿਤ ਕੋਈ 10 ਮੁਹਾਵਰੇ ਲੱਭੋ ਅਤੇ ਨਾਲ ਹੀ ਉਹਨਾਂ ਨੂੰ ਇਸ ਢੰਗ ਨਾਲ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ।